Cranbourne Carlisle Primary School

**Principal:** *Nicky Walker*
**Assistant Principal:** *Anne McDonald*
**Assistant Principal:** *Kerry Bates*
**Assistant Principal:** *Mick Sweeney*
**Business Manager:** *Nicholas Macura*

**19.5.2020**

# CCPS COVID-19 ਸਕੂਲ ਨੂੰ ਵਾਪਸੀ ਦੇ ਨਿਰਦੇਸ਼

## ਸਕੂਲ ਦੇ ਸਿਹਤ ਅਤੇ ਸੁਰੱਖਿਆ ਕਦਮ

- ਆਸਟ੍ਰੇਲੀਅਨ ਹੈਲਥ ਪਰੋਟੈਕਸ਼ਨ ਪ੍ਰਿੰਸੀਪਲ ਕਮੇਟੀ (AHPPC) ਨੇ ਸਲਾਹ ਦਿੱਤੀ ਹੈ ਕਿ ਇਕ ਵਿਅਕਤੀ ਪ੍ਰਤੀ ਚਾਰ ਵਰਗ ਮੀਟਰ ਦਾ 'ਜਗ੍ਹਾ ਵਿੱਚ ਘਣਤਾ ਦਾ ਨਿਯਮ', ਅਤੇ ਜਮਾਤ ਦੀਆਂ ਗਤੀਵਿਧੀਆਂ ਦੇ ਦੌਰਾਨ 1.5 ਮੀਟਰ ਦੀ ਦੂਰੀ ਬਣਾਈ ਰੱਖਣਾ ਜਮਾਤਾਂ ਜਾਂ ਬਰਾਂਡਿਆਂ ਵਿੱਚ ਉਚਿੱਤ ਜਾਂ ਵਿਹਾਰਕ ਨਹੀਂ ਹੈ। ਇਸ ਲਈ, ਪਹਿਲਾਂ ਸਥਾਪਿਤ ਕੀਤੇ 10 ਵਿਦਿਆਰਥੀ ਪ੍ਰਤੀ ਜਮਾਤ ਦੇ ਅਨੁਪਾਤ ਦੀ ਸਕੂਲਾਂ ਵਿੱਚ ਹੋਰ ਜ਼ਿਆਦਾ ਲੋੜ ਨਹੀਂ ਹੈ।
- ਇਸ ਬਦਲਾਅ ਦੇ ਲਈ ਤਿਆਰੀ ਕਰਨ ਵਿੱਚ ਸਕੂਲ ਦੇ ਕਰਮਚਾਰੀਆਂ ਦੀ ਸਹਾਇਤਾ ਲਈ **ਸੋਮਵਾਰ 25 ਮਈ 2020 ਵਿਦਿਆਰਥੀਆਂ ਤੋਂ ਬਿਨਾਂ ਵਾਲਾ ਦਿਨ ਹੋਵੇਗਾ।** ਸਕੂਲ ਇਸ ਦਿਨ ਨੂੰ ਇਹ ਯਕੀਨੀ ਬਨਾਉਣ ਲਈ ਵਰਤਣਗੇ ਕਿ ਉਹਨਾਂ ਦੇ ਸਕੂਲ ਵਿੱਚ ਸਿਹਤ ਦੇ ਆਦੇਸ਼ ਦੀ ਪਾਲਣਾ ਹੋ ਰਹੀ ਹੈ, ਸਕੂਲ ਦੇ ਨਿੱਤਨੇਮ ਨੂੰ ਦੋਬਾਰਾ ਸਥਾਪਿਤ ਕਰਨ, ਦੂਰੋਂ ਬੈਠ ਕੇ ਅਤੇ ਲਚਕੀਲੀ ਸਿੱਖਿਆ ਦੇ ਸਮੇਂ ਦੌਰਾਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਮੁਲਾਂਕਣ ਕਰਨ ਲਈ ਪਹੁੰਚ ਨੂੰ ਸਥਾਪਿਤ ਕਰਨਾ, ਅਤੇ ਉਹਨਾਂ ਵਿਦਿਆਰਥੀਆਂ ਦੀ ਪਛਾਣ ਕਰਨਾ ਜਿੰਨ੍ਹਾਂ ਨੂੰ ਸਿਹਤ ਅਤੇ ਸਹਾਇਤਾ ਦੀ ਤੁਰੰਤ ਲੋੜ ਹੈ।
- ਅਸੀਂ ਵਿਦਿਆਰਥੀਆਂ ਨੂੰ ਵਾਪਸ ਆਮ ਨਿੱਤਨੇਮ ਵਿੱਚ ਵਾਪਸ ਆਉਣ ਵਿੱਚ ਸਹਾਇਤਾ, ਹਾਲਾਤ ਨੂੰ ਸਵੀਕਾਰਣ, ਜੋ ਹੋ ਰਿਹਾ ਹੈ ਉਸ ਦੇ ਬਾਰੇ ਵਿਕਾਸ ਵਾਲੀ ਢੁੱਕਵੀਂ ਜਾਣਕਾਰੀ ਪ੍ਰਦਾਨ ਕਰਨ, ਇਸ ਦੇ ਨਾਲ ਨਾਲ ਵਿਦਿਆਰਥੀਆਂ ਲਈ ਸੁਰੱਖਿਅਤ ਜਗ੍ਹਾ ਪ੍ਰਦਾਨ ਕਰਨੀ ਜਿੱਥੇ ਉਹ ਆਪਣੀਆਂ ਚਿੰਤਾਵਾਂ ਅਤੇ ਭਾਵਨਾਵਾਂ ਪ੍ਰਗਟ ਕਰ ਸਕਣ ਦੀ ਮਹੱਤਤਾ ਦੀ ਕਦਰ ਕਰਦੇ ਹਾਂ।

ਜਿਹੜੀਆਂ ਜਮਾਤਾਂ ਸਕੂਲ ਵਿੱਚ ਪੜ੍ਹਨ ਲਈ ਵਾਪਸ ਆ ਰਹੀਆਂ ਹਨ ਉਹਨਾਂ ਦੇ ਸਾਰੇ ਵਿਦਿਆਰਥੀਆਂ ਤੋਂ ਸਕੂਲ ਵਿੱਚ ਹਾਜ਼ਰ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਜਿੱਥੇ ਮਾਪੇ ਇਹਨਾਂ ਵਿਦਿਆਰਥੀਆਂ ਨੂੰ ਘਰ ਵਿੱਚ ਰੱਖਣ ਦੀ ਚੋਣ ਕਰਦੇ ਹਨ, ਇਸ ਤੋਂ ਬਿਨਾਂ ਜਿੱਥੇ ਇਹ ਡਾਕਟਰੀ ਸਲਾਹ ਉੱਤੇ ਆਧਾਰਿਤ ਹੈ, ਸਕੂਲਾਂ ਤੋਂ ਦੂਰੋਂ ਬੈਠ ਕੇ ਪੜ੍ਹਾਈ ਕਰਵਾਉਣ ਦੀ ਉਮੀਦ ਨਹੀਂ ਕੀਤੀ ਜਾਣੀ ਚਾਹੀਦੀ। ਜੇਕਰ ਇਹ ਮਾਮਲਾ ਹੈ ਤਾਂ ਕਿਰਪਾ ਕਰਕੇ ਆਪਣੇ ਸਬ-ਸਕੂਲ ਦੇ ਅਸਿਸਟੈਂਟ ਪ੍ਰਿੰਸੀਪਲ ਨਾਲ ਸੰਪਰਕ ਕਰੋ।
ਬੁਨਿਆਦ – ਦੂਸਰੀ ਜਮਾਤ: ਐਨ ਮੈਕਡੋਨਾਲਡ
ਤੀਸਰੀ ਜਮਾਤ ਤੋਂ ਛੇਵੀਂ ਜਮਾਤ: ਮਿੱਕ ਸਵੀਨੀ
ਭਲਾਈ: ਕੇਰੀ ਬੇਟਸ



*15 Silky Oak Drive*
*Cranbourne, 3977*
*Phone: 5991 3600*
Email: cranbourne.carlisle.ps@edumail.vic.gov.au
*Website:* http://www.cranbournecarlisleps.vic.edu.au

## ਸਿਹਤ ਅਤੇ ਸੁਰੱਖਿਆ ਦੇ ਦੂਸਰੇ ਕਦਮ

- ਖੇਡ ਮੈਦਾਨਾਂ ਦੇ ਉਪਕਰਣ ਵਰਤੇ ਜਾ ਸਕਦੇ ਹਨ। ਪਰ, ਵਿਦਿਆਰਥੀ ਇਹਨਾਂ ਨੂੰ ਵਰਤਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥਾਂ ਦੀ ਸਫਾਈ ਦਾ ਅਭਿਆਸ ਕਰਨਗੇ। ਵਧਾਏ ਹੋਏ ਸਫਾਈ ਪ੍ਰੋਗਰਾਮ ਦੇ ਅਧੀਨ ਖੇਡ ਮੈਦਾਨਾਂ ਨੂੰ ਅੱਧੀ ਛੁੱਟੀ ਅਤੇ ਦੁਪਹਿਰ ਦੇ ਖਾਣੇ ਤੋਂ ਬਾਅਦ ਹਸਪਤਾਲ ਦੇ ਦਰਜੇ ਦੇ ਰੋਗਾਣੂ-ਨਾਸ਼ਕ ਨਾਲ ਪੂੰਝਿਆ ਜਾਵੇਗਾ।
- ਜੇ ਸਾਂਝੇ ਵਰਤਣ ਵਾਲੇ ਉਪਕਰਣ ਦੀ ਵਰਤੋਂ ਕੀਤੀ ਜਾਂਦੀ ਹੈ, ਵਰਤਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥਾਂ ਦੀ ਸਫਾਈ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ।
- ਸਕੂਲ ਵਿੱਚ ਵਰਤਣ ਵਾਸਤੇ ਵਿਦਿਆਰਥੀਆਂ ਨੂੰ ਪਾਣੀ ਦੀਆਂ ਆਪਣੀਆਂ ਬੋਤਲਾਂ ਨਾਲ ਲੈ ਕੇ ਆਉਣੀਆਂ ਪੈਣਗੀਆਂ ਕਿਉਂਕਿ ਵਿਦਿਆਰਥੀ ਪਾਣੀ ਪੀਣ ਵਾਲੇ ਫੁਹਾਰਿਆਂ ਤੋਂ ਸਿੱਧਾ ਪਾਣੀ ਨਹੀਂ ਪੀ ਸਕਣਗੇ।
- DET ਦੀ *ਵਿਦਿਆਰਥੀਆਂ ਦੀ ਮੋਬਾਈਲ ਫੋਨ ਦੀ ਵਰਤੋਂ ਵਾਲੀ ਨੀਤੀ* ਲਾਗੂ ਰਹੇਗੀ। ਰੋਜ਼ਾਨਾ ਸਵੇਰ ਵੇਲੇ ਦਫਤਰ ਵਿੱਚ ਫੜਾਉਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਆਪਣੇ ਫੋਨਾਂ ਨੂੰ ਰੋਗਾਣੂ-ਨਾਸ਼ਕ ਫੰਬੇ ਨਾਲ ਪੂੰਝਣ ਲਈ ਕਿਹਾ ਜਾਵੇਗਾ। ਸਕੂਲ ਤੋਂ ਪਹਿਲਾਂ ਅਤੇ ਬਾਅਦ ਵਿੱਚ ਫੋਨਾਂ ਨੂੰ COVID SAFE ਐਪ ਦੇ ਨਾਲ ਤੁਰੰਤ ਚਲਾਇਆ ਜਾ ਸਕਦਾ ਹੈ। ਸਕੂਲ ਪ੍ਰਬੰਧਕੀ ਵਾਤਾਵਰਣ ਵਿੱਚ ਹਨ ਜਿਸ ਵਿੱਚ ਵਿਦਿਆਰਥੀ, ਕਰਮਚਾਰੀਆਂ ਅਤੇ ਪ੍ਰਾਹੁਣਿਆਂ ਦੀ ਹਾਜ਼ਰੀ ਦਾ ਰਿਕਾਰਡ ਰੱਖਿਆ ਜਾਵੇਗਾ, ਜੋ ਕਿ ਸੰਪਰਕ ਦਾ ਪਤਾ ਲਗਾਉਣ ਵਿੱਚ ਮਦਦ ਕਰ ਸਕਦਾ ਹੈ।

## ਮਾਨਸਿਕ ਸਿਹਤ ਅਤੇ ਭਲਾਈ

ਜੇ ਤੁਹਾਨੂੰ ਆਪਣੇ ਬੱਚੇ ਦੀ ਮਾਨਸਿਕ ਸਿਹਤ ਅਤੇ ਭਲਾਈ ਬਾਰੇ ਕੋਈ ਖਾਸ ਚਿੰਤਾ ਹੈ, ਕਿਰਪਾ ਕਰਕੇ ਅਸਿਸਟੈਂਟ ਪ੍ਰਿੰਸੀਪਲਾਂ ਨੂੰ ਜਿੰਨ੍ਹੀਂ ਜਲਦੀ ਸੰਭਵ ਹੋਵੇ ਸੂਚਿਤ ਕਰੋ ਇਹ ਯਕੀਨੀ ਬਨਾਉਣ ਲਈ ਕਿ ਅਸੀਂ ਕਿਸੇ ਵੀ ਸੇਵਾਵਾਂ ਅਤੇ ਸਹਾਇਤਾ ਤੱਕ ਪਹੁੰਚ ਕਰ ਸਕੀਏ।

ਬੁਨਿਆਦ – ਦੂਸਰੀ ਜਮਾਤ: ਐਨ ਮੈਕਡੋਨਾਲਡ
ਤੀਸਰੀ ਜਮਾਤ ਤੋਂ ਛੇਵੀਂ ਜਮਾਤ: ਮਿੱਕ ਸਵੀਨੀ
ਭਲਾਈ: ਕੇਰੀ ਬੇਟਸ

## ਸਫਾਈ

ਸਫਾਈ ਦੇ ਜ਼ਿਆਦਾ ਅਤੇ ਵਧੇ ਹੋਏ ਪ੍ਰਬੰਧਾਂ ਦਾ ਆਰੰਭ ਕਰ ਦਿੱਤਾ ਗਿਆ ਹੈ ਅਤੇ ਇਹ ਜਾਰੀ ਰਹਿਣਗੇ। ਇਸ ਵਿੱਚ ਸਾਰੇ ਦਿਨ ਦੀ ਲਗਾਤਾਰ ਕੀਤੀ ਜਾਂਦੀ ਸਫਾਈ ਸ਼ਾਮਲ ਹੈ ਇਹ ਯਕੀਨੀ ਬਨਾਉਣ ਲਈ ਕਿ ਜ਼ਿਆਦਾ ਛੂਹੇ ਜਾਂਦੇ ਤਲਾਂ ਤੋਂ ਰੋਗ ਦੇ ਅੱਗੇ ਵਧਣ ਦੇ ਖਤਰੇ ਨੂੰ ਘਟਾਇਆ ਜਾ ਸਕੇ।



*15 Silky Oak Drive*
*Cranbourne, 3977*
*Phone: 5991 3600*
Email: cranbourne.carlisle.ps@edumail.vic.gov.au
Website: http://www.cranbournecarlisleps.vic.edu.au

## ਸਕੂਲ ਵਿੱਚ ਹਾਜ਼ਰੀ

ਸਭ ਤੋਂ ਮਹੱਤਵਪੂਰਣ ਕਾਰਵਾਈਆਂ ਵਿੱਚੋਂ ਇਕ ਜੋ ਸਕੂਲ ਭਾਈਚਾਰਾ ਕਰੋਨਾਵਾਇਰਸ (COVID-19) ਦੇ ਅੱਗੇ ਫੈਲਣ ਦੇ ਖਤਰੇ ਨੂੰ ਘਟਾਉਣ ਲਈ ਕਰ ਸਕਦਾ ਹੈ, ਉਹ ਇਹ ਯਕੀਨੀ ਬਨਾਉਣਾ ਕਿ ਕੋਈ ਵੀ ਬਿਮਾਰ ਕਰਮਚਾਰੀ, ਬੱਚੇ ਅਤੇ ਛੋਟੀ ਉਮਰ ਦੇ ਲੋਕ ਘਰ ਵਿੱਚ ਹੀ ਰਹਿਣ।
ਭਾਂਵੇਂ ਕਿ ਵਾਇਰਸ ਦੇ ਅੱਗੇ ਫੈਲਣ ਦਾ ਖਤਰਾ ਬਹੁਤ ਘੱਟ ਹੈ, ਗੰਭੀਰ ਬਿਮਾਰੀ ਵਾਲੇ ਕਰਮਚਾਰੀ ਜਾਂ ਵਿਦਿਆਰਥੀਆਂ ਨੂੰ ਸਕੂਲ ਵਿੱਚ ਹਾਜ਼ਰ ਹੋਣ ਦੀ ਉਚਿੱਤਤਾ ਦਾ ਮੁਲਾਂਕਣ ਇਸ ਸਮੇਂ ਉਹਨਾਂ ਦੇ ਡਾਕਟਰੀ ਪੇਸ਼ੇਵਰ ਦੀ ਸਹਾਇਤਾ ਨਾਲ ਕਰਨਾ ਚਾਹੀਦਾ ਹੈ। ਸਕੂਲ ਦੇ ਵਾਤਾਵਰਣ ਵਿੱਚ ਕਰੋਨਾਵਾਇਰਸ (COVID-19) ਦੇ ਫੈਲਣ ਦਾ ਮੁੱਖ ਖਤਰਾ ਬਾਲਗਾਂ ਦੇ ਵਿੱਚਕਾਰ ਹੈ, ਸਕੂਲ ਦੇ ਅਹਾਤੇ ਵਿੱਚ ਪ੍ਰਾਹੁਣੇ ਸਿਰਫ ਉਨ੍ਹਾਂ ਤੱਕ ਹੀ ਸੀਮਤ ਹੋਣਗੇ ਜੋ ਸਕੂਲ ਦੀਆਂ ਲਾਜ਼ਮੀ ਸੇਵਾਵਾਂ ਅਤੇ ਕੰਮਕਾਰਾਂ ਨੂੰ ਚਲਾਉਂਦੇ ਹਨ ਜਾਂ ਸਹਾਇਤਾ ਕਰਦੇ ਹਨ। ਜੇ ਮਾਪਿਆਂ ਨੂੰ ਕਿਸੇ ਕਾਰਣ ਕਰਕੇ ਸਕੂਲ ਨਾਲ ਸੰਪਰਕ ਕਰਨ ਦੀ ਲੋੜ ਪੈਂਦੀ ਹੈ, ਕਿਰਪਾ ਕਰਕੇ ਸਕੂਲ ਦੇ ਦਫਤਰ ਨੂੰ ਫੋਨ ਕਰੋ।

**ਸਾਰੇ ਬਿਮਾਰ ਕਰਮਚਾਰੀ ਅਤੇ ਵਿਦਿਆਰਥੀ ਲਾਜ਼ਮੀ ਘਰ ਵਿੱਚ ਰਹਿਣ।**

ਗੁੰਝਲਦਾਰ ਡਾਕਟਰੀ ਲੋੜਾਂ ਵਾਲੇ ਵਿਦਿਆਰਥੀਆਂ ਦੇ ਮਾਪਿਆਂ/ਸਰਪਰਸਤਾਂ (ਇਹਨਾਂ ਵਿੱਚ ਕਮਜ਼ੋਰ ਪ੍ਰਤੀਰੱਖਿਆ ਪ੍ਰਣਾਲੀ ਵਾਲੇ ਸ਼ਾਮਲ ਹਨ), ਨੂੰ ਫੈਸਲਾ ਲੈਣ ਵਿੱਚ ਸਹਾਇਤਾ ਲਈ ਕਿ ਕੀ ਸਕੂਲ ਵਿੱਚ ਪੜ੍ਹਾਈ ਢੁੱਕਵੀਂ ਹੈ, ਵਿਦਿਆਰਥੀ ਦੇ ਡਾਕਟਰੀ ਪੇਸ਼ੇਵਰ ਤੋਂ ਸਲਾਹ ਲੈਣੀ ਚਾਹੀਦੀ ਹੈ, ਇਹ ਧਿਆਨ ਵਿੱਚ ਰੱਖ ਕੇ ਕਿ ਵਿਕਟੋਰੀਆ ਵਿੱਚ ਕਰੋਨਾਵਾਇਰਸ (COVID-19) ਮਹਾਂਮਾਰੀ ਦੇ ਦਰਜੇ ਉਪਰ ਆਧਾਰਿਤ ਇਹ ਸਲਾਹ ਬਦਲ ਸਕਦੀ ਹੈ। ਇਹ DET ਸਿਹਤ ਸੰਭਾਲ ਲੋੜਾਂ ਦੀ ਨੀਤੀ ਦੇ ਹਿਸਾਬ ਨਾਲ ਹੈ। ਇਸ ਖੇਤਰ ਵਿੱਚ ਵਾਧੂ ਲੋੜਾਂ ਵਾਲੇ ਕਿਸੇ ਪਰਿਵਾਰ ਨੂੰ ਸਕੂਲ ਸਹਾਇਤਾ ਕਰੇਗਾ।

ਸਕੂਲ ਦੀਆਂ ਸਭਾਵਾਂ, ਬਾਹਰਲੀਆਂ ਫੇਰੀਆਂ, ਕੈਂਪ ਅਤੇ ਦੂਸਰੇ ਗੈਰ-ਜ਼ਰੂਰੀ ਇਕੱਠਾਂ ਨੂੰ ਅਗਲੀ ਸੂਚਨਾ ਤੱਕ ਅਗਾਂਹ ਕਰ ਦਿੱਤਾ ਗਿਆ ਹੈ।

## ਸਾਫ-ਸਫਾਈ

ਹੱਥਾਂ ਦੀ ਲਗਾਤਾਰ ਪ੍ਰਭਾਵਸ਼ਾਲੀ ਸਫਾਈ ਕਰਕੇ ਹਰ ਕੋਈ ਆਪਣੇ ਆਪ ਨੂੰ ਬਚਾਅ ਸਕਦਾ ਹੈ ਅਤੇ ਕਰੋਨਾਵਾਇਰਸ (COVID-19) ਨੂੰ ਅੱਗੇ ਫੈਲਣ ਤੋਂ ਰੋਕ ਸਕਦਾ ਹੈ। ਵਧੀ ਹੋਈ ਸਾਫ-ਸਫਾਈ ਦੇ ਕਦਮ ਸਕੂਲ ਵਿੱਚ ਪੜ੍ਹਾਈ ਲਈ ਵਾਪਸੀ ਅਤੇ ਸਿੱਖਿਆ ਦੇ ਦੌਰਾਨ ਜਾਰੀ ਰਹਿਣਗੇ।



*15 Silky Oak Drive*
*Cranbourne, 3977*
*Phone: 5991 3600*
Email: cranbourne.carlisle.ps@edumail.vic.gov.au
*Website:* http://www.cranbournecarlisleps.vic.edu.au

- ਸਾਰੇ ਕਰਮਚਾਰੀ ਅਤੇ ਵਿਦਿਆਰਥੀ ਨਿਯਮਤ ਹੱਥਾਂ ਦੀ ਸਫਾਈ ਕਰਨਗੇ, ਖਾਸ ਤੌਰ ਤੇ ਸਕੂਲ ਪਹੁੰਚਣ ਤੇ, ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ, ਆਪਣਾ ਨੱਕ ਸਾਫ ਕਰਨ, ਖੰਘਣ, ਛਿੱਕਣ ਜਾਂ ਟਾਇਲਟ ਵਰਤਣ ਤੋਂ ਬਾਅਦ। ਇਸ ਬਾਰੇ ਜਿੱਥੇ ਲੋੜ ਹੋਈ ਕਰਮਚਾਰੀਆਂ ਵੱਲੋਂ ਨਿਰਦੇਸ਼ ਦਿੱਤੇ ਜਾਣਗੇ ਜਾਂ ਨਿਗਰਾਨੀ ਕੀਤੀ ਜਾਵੇਗੀ।
- ਜਿੱਥੇ ਸਾਬਣ ਅਤੇ ਪਾਣੀ ਸੌਖੇ ਉਪਲਬਧ ਨਹੀਂ ਹਨ, ਹਰੇਕ ਰੁੱਝੇ ਹੋਏ ਕਮਰੇ ਵਿੱਚ ਹੱਥ ਸਾਫ ਕਰਨ ਵਾਲਾ (ਸੈਨੇਟਾਈਜ਼ਰ) ਪ੍ਰਦਾਨ ਕੀਤਾ ਜਾਵੇਗਾ।
- ਇਸ ਸਮੇਂ ਦੌਰਾਨ ਵਿਦਿਆਰਥੀਆਂ ਨੂੰ ਪਾਣੀ ਪੀਣ ਵਾਲੇ ਫੁਹਾਰਿਆਂ ਤੋਂ ਸਿੱਧਾ ਪਾਣੀ ਪੀਣ ਦੀ ਆਗਿਆ ਨਹੀਂ ਹੋਵੇਗੀ। ਇਸ ਦੇ ਬਜਾਏ ਉਹਨਾਂ ਨੂੰ ਸਕੂਲ ਵਿੱਚ ਵਰਤਣ (ਅਤੇ ਦੋਬਾਰਾ ਭਰਨ) ਲਈ ਆਪਣੀਆਂ ਪਾਣੀ ਦੀਆਂ ਬੋਤਲਾਂ ਲੈ ਕੇ ਆਉਣੀਆਂ ਚਾਹੀਦੀਆਂ ਹਨ।

## ਸਕੂਲ ਪਹੁੰਚਣਾ ਅਤੇ ਸਕੂਲ ਤੋਂ ਜਾਣਾ

ਕਿਉਂਕਿ ਸਕੂਲ ਦੇ ਵਾਤਾਵਰਣ ਵਿੱਚ ਕਰੋਨਾਵਾਇਰਸ (COVID-19) ਨੂੰ ਫੈਲਾਉਣ ਦਾ ਮੁੱਖ ਖਤਰਾ ਬਾਲਗਾਂ ਕੋਲੋਂ ਹੈ, ਸਕੂਲ ਭਾਈਚਾਰੇ ਦੇ ਬਾਲਗ ਮੈਂਬਰਾਂ ਦੇ ਵਿੱਚਕਾਰ ਨੇੜਤਾ ਤੋਂ ਪਰਹੇਜ਼ ਕੀਤਾ ਜਾਣਾ ਚਾਹੀਦਾ ਹੈ, ਖਾਸ ਤੋਰ ਤੇ ਬੱਚਿਆਂ ਨੂੰ ਸਕੂਲ ਛੱਡਣ ਅਤੇ ਉਹਨਾਂ ਨੂੰ ਚੁੱਕਣ ਵੇਲੇ।

- ਕਰਮਚਾਰੀਆਂ ਅਤੇ ਮਾਪਿਆਂ ਨੂੰ ਸਰੀਰਕ ਦੂਰੀ ਦੀ ਪਾਬੰਦੀ ਦਾ ਪਾਲਣ ਕਰਨ ਲਈ ਸਕੂਲ ਦੇ ਅੰਦਰ ਜਾਂ ਆਲੇ ਦੁਆਲੇ ਦੇ ਖੇਤਰਾਂ ਵਿੱਚ ਇਕੱਠਾ ਨਹੀਂ ਹੋਣਾ ਚਾਹੀਦਾ ਹੈ।
- ਸਕੂਲ ਦੇ ਅੰਦਰ ਅਤੇ ਸਕੂਲ ਨੂੰ ਆਉਣ ਵਾਲੇ ਦਰਵਾਜ਼ਿਆਂ ਵਿੱਚ ਸਰੀਰਕ ਦੂਰੀ ਦਾ ਅਭਿਆਸ ਕਰਨ ਅਤੇ ਵਿਦਿਆਰਥੀਆਂ ਤੇ ਬਾਲਗਾਂ ਵਿਚਾਲੇ ਗੱਲਬਾਤ ਨੂੰ ਘਟਾਉਣ ਲਈ ਪ੍ਰਬੰਧਾਂ ਵਿੱਚ ਸ਼ਾਮਲ ਹੋਣਗੇ:
  - ਬਾਲਗਾਂ ਦੇ ਵਿੱਚਕਾਰ ਦੂਰੀ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਦੇ ਦਰਵਾਜ਼ੇ ਤੇ ਡੌਟ ਰੱਖਣੇ
  - ਮਾਪਿਆਂ ਨੂੰ ਸਕੂਲ ਦੇ ਅੰਦਰ ਆਉਣ ਦੀ ਆਗਿਆ ਨਹੀਂ ਹੈ ਅਤੇ ਜਦੋਂ ਲੋੜ ਹੋਵੇ ਉਹਨਾਂ ਨੂੰ ਫੋਨ ਜਾਂ ਈਮੇਲ ਰਾਹੀਂ ਸਕੂਲ ਨਾਲ ਸੰਪਰਕ ਕਰਨ ਲਈ ਕਿਹਾ ਜਾਂਦਾ ਹੈ
  - ਜ਼ਰੂਰੀ ਮੀਟਿੰਗਾਂ ਵੀਡੀਓ ਕਾਨਫਰੰਸ ਰਾਹੀਂ ਹੋਣਗੀਆਂ
  - ਸਮਾਜਿਕ ਦੂਰੀ ਰੱਖਣ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਗੱਲਬਾਤ ਅਤੇ ਇਕ ਦੂਜੇ ਦਾ ਸਵਾਗਤ ਕਰਨਾ ਗੈਰ-ਸੰਪਰਕੀ ਹੋਣਾ ਚਾਹੀਦਾ ਹੈ
  - ਜੇ ਲੋੜੀਂਦਾ ਹੋਵੇ, ਸਕੂਲ ਦੇ ਦਰਵਾਜ਼ੇ ਉੱਤੇ ਜਾਂ ਜਮਾਤ ਦੇ ਕਮਰੇ ਦੇ ਬਾਹਰ ਬਾਲਗਾਂ ਦੀ ਗਿਣਤੀ ਨੂੰ ਘਟਾਉਣ ਵਾਸਤੇ ਬੱਚਿਆਂ ਨੂੰ ਸਕੂਲ ਛੱਡਣ ਅਤੇ ਉਹਨਾਂ ਨੂੰ ਚੁੱਕਣ ਦੇ ਸਮਿਆਂ ਵਿੱਚ ਵੱਖਰੇਵਾਂ